ਝਗਾਜਅਪ ਛਵੀਕਠਕ।।।।।।।।।।।2025 ਝ ੍ਚਅਹ਼ਲਜ (004)

**ਅੰਕ ਯੋਜਨਾ/ਪੜਤਾਲ-ਯੋਜਨਾ : .......2025-ਪੰਜਾਬੀ (004)**

ਜਮਾਤ : ਨੌਵੀਂ ਕੋਡ ਨੰ. 037

ਵਿਸ਼ਾ : ਪੰਜਾਬੀ ਕੁਲ ਅੰਕ : 80

ਉਪ-ਪਰੀਖਿਅਕ ਮੁਲਾਂਕਣ ਨਿਰਦੇਸ਼ਾਂ ਦਾ ਧਿਆਨ ਪੂਰਵਕ ਅਧਿਐਨ ਕਰਕੇ ਉੱਤਰ ਪੁਸਤਕਾਂ ਦਾ ਮੁਲਾਂਕਣ ਕਰੋ। ਜੇਕਰ ਵਿਦਿਆਰਥੀ ਨੇ ਪ੍ਰਸ਼ਨ ਪੂਰੇ ਅਤੇ ਸਹੀ ਹਨ ਕੀਤੇ ਹੋਣ ਤਾਂ ਵੱਧ ਤੋਂ ਵੱਧ ਅੰਕ ਦੇਣ ਤੋਂ ਸੰਕੋਚ ਨਾ ਕਰੋ।

**ਆਮ ਹਿਦਾਇਤਾਂ :**

(i) ਪਰੀਖਿਅਕ ਨੂੰ ਪ੍ਰਸ਼ਨ-ਪੱਤਰ ਦਾ ਮੂਲਾਂਕਣ ਕਰਨ ਤੋਂ ਪਹਿਲਾਂ ਆਮ ਸੰਕੇਤਾਂ ਵਿਚੋਂ ਲੰਘਣਾ ਪੈਂਦਾ ਹੈ।

(ii) ਮਾਰਕਿੰਗ ਸਕੀਮ ਵਿੱਚ ਦਿੱਤੀਆਂ ਹਦਾਇਤਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ।

(iii) ਜਵਾਬ ਵਿਚ ਗਲਤੀਆਂ ਜਾਂ ਰੇਖਾਂਕਿਤ ਕੀਤਾ ਜਾਵੇ।

(iv) ਜੇਕਰ ਜਵਾਬ ਬਿਲਕੁੱਲ ਸਹੀ ਹਨ ਪ੍ਰੀਖਿਆਰਥੀ ਨੂੰ ਪੂਰੇ ਅੰਕ ਦੇਣ ਵਿੱਚ ਸੰਕੋਚ ਕਰਨ ਦੀ ਲੋੜ ਨਹੀਂ ਹੈ

(v) ਪਰੀਖਿਅਕਾਂ ਨੂੰ ਇਹ ਯਕੀਨੀ ਬਣਾਉਣ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਹਰ ਜਵਾਬ ਨੂੰ ਅੰਕ ਦੇਣ ਤੋਂ ਪਹਿਲਾਂ ਗੰਭੀਰਤਾ ਨਾਲ ਅਤੇ ਇਮਾਨਦਾਰੀ ਨਾਲ ਪਾਸ ਕੀਤਾ ਗਿਆ ਹੈ। ਇਹ ਉਹਨਾਂ ਤੇ ਮੁਲਾਂਕਣ ਵਜੋਂ ਪ੍ਰਮਾਣਿਕਤਾ ਨੂੰ ਯਕੀਨੀ ਬਣਾਏਗਾ ਅਤੇ ਸੰਸਥਾ ਦੀ ਸਾਖ ਨੂੰ ਵੀ ਵਧਾਏਗਾ।

(vi) ਜੇਕਰ ਕੋਈ ਪ੍ਰੀਖਿਆਰਥੀ ਇੱਕ ਸਵੀਕਾਰਯੋਗ ਜਵਾਬ ਲਿਖਦਾ ਹੈ ਜੋ ਕਿ ਮਾਰਕਿੰਗ ਸਕੀਮ ਵਿੱਚ ਨਹੀਂ ਦਿੱਤਾ ਗਿਆ ਹੈ, ਤਾਂ ਉਸ ਨੂੰ ਹੈਡ-ਪ੍ਰੀਖਿਅਕ ਦੀ ਸਲਾਹ-ਮਸ਼ਵਰਾ ਤੋਂ ਬਾਅਦ ਹੀ ਅੰਕ ਦਿੱਤੇ ਜਾ ਸਕਦੇ ਹਨ।

(vii) ਜੇਕਰ ਕੋਈ ਪ੍ਰੀਖਿਆਰਥੀ ਇਕ ਵਾਧੂ ਪ੍ਰਸ਼ਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਉੱਚ ਪੁਰਸਕਾਰ ਦੇ ਯੋਗ ਉੱਤਰ ਨੂੰ

Downloaded from www.cclchapter.com

ਰੱਖਿਆ ਜਾਣਾ ਚਾਹੀਦਾ ਹੈ ਅਤੇ ਦੂਜੇ ਨੂੰ ਅੰਕ ਪ੍ਰਾਪਤ ਕਰਨਾ ਚਾਹੀਦਾ ਹੈ।

(viii) ਹੈੱਡ ਐਗਜਾਮੀਨਰ ਮਾਰਕਿੰਗ ਸਕੀਮ ਵਿਚ ਦਿੱਤੀਆਂ ਹਦਾਇਤਾਂ ਦੀ ਉਲੰਘਣਾ ਨਾ ਕਰਨ ਨੂੰ ਯਕੀਨੀ ਬਣਾਉਣ ਤੋਂ ਬਾਅਦ ਹੀ ਆਪਣੇ ਅਧੀਨ ਪ੍ਰੀਖਿਆਰਥੀ ਦੀ ਮਾਰਕਿੰਗ ਦੇ ਮਿਆਰ ਨੂੰ ਮਨਜ਼ੂਰੀ ਦੇਣਗੇ।

(ix) ਮੁੱਖ ਪ੍ਰੀਖਿਅਕਾਂ ਅਤੇ ਪ੍ਰੀਖਿਅਕਾਂ ਨੂੰ ਇਕ ਵਾਰ ਫਿਰ ਬੇਨਤੀ ਕੀਤੀ ਜਾਂਦੀ ਹੈ ਅਤੇ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਵਾਬਾਂ ਨੂੰ ਗੰਭੀਰਤਾ, ਇਮਾਨਦਾਰੀ ਅਤੇ ਇਮਾਨਦਾਰੀ ਨਾਲ ਪੜ੍ਹ ਕੇ ਆਪਣੇ ਮੁਲਾਂਕਣ ਦੀ ਪ੍ਰਮਾਣਿਕਤਾ ਨੂੰ ਯਕੀਨੀ ਬਣਾਉਣ। ਸਲਾਹ ਜੇ ਨਹੀਂ ਕੀਤੀ ਗਈ ਤਾਂ ਉਨ੍ਹਾਂ ਅਤੇ ਸੰਸਥਾ ਦਾ ਨਾਮ ਬਦਨਾਮ ਹੋਵੇਗਾ।

**ਜਰੂਰੀ ਹਦਾਇਤਾਂ** :

(i) ਮਾਰਕਿੰਗ ਸਕੀਮ ਦਾ ਉਦੇਸ਼ ਮੁਲਾਂਕਣ ਨੂੰ ਜਿਨਾਂ ਸੰਭਵ ਹੋ ਸਕੇ ਉਦੇਸ਼ ਬਣਾਉਣਾ ਹੈ। ਮਾਰਕਿੰਗ ਸਕੀਮ ਵਿੱਚ ਦਿੱਤੇ ਗਏ ਜਵਾਬ ਅੰਕ ਅੰਤਿਮ ਨਹੀਂ ਹਨ। ਇਹ ਸੂਚਕ ਅਤੇ ਸੰਕੇਤਕ ਹਨ। ਜੇਕਰ ਪਰੀਖਿਆਰਥੀ ਨੇ ਇਨ੍ਹਾਂ ਵਿੱਚੋਂ ਵੱਖਰੇ ਪਰ ਢੁੱਕਵੇਂ ਜਵਾਬ ਦਿੱਤੇ ਹਨ, ਤਾਂ ਉਸ ਨੂੰ ਢੁੱਕਵੇਂ ਅੰਕ ਦਿੱਤੇ ਜਾਣੇ ਚਾਹੀਦੇ ਹਨ।

(ii) ਸ਼ੁੱਧ, ਅਰਥਪੂਰਨ ਅਤੇ ਸਟੀਕ ਜਵਾਬਾਂ ਲਈ ਉਚਿਤ ਭਾਗ ਦਿੱਤਾ ਜਾਵੇ।

(iii) ਪ੍ਰੀਖਿਆਰਥੀ ਦੁਆਰਾ ਲੋੜ ਅਨੁਸਾਰ ਸਹੀ ਉੱਤਰ ਲਿਖਣ ਲਈ ਇਸ ਨੂੰ ਪੂਰੇ ਅੰਕ ਦਿੱਤੇ ਜਾਣੇ ਚਾਹੀਦੇ ਹਨ।

(iv) ਸਪੈਲਿੰਗ ਦੀਆਂ ਗਲਤੀਆਂ ਅਤੇ ਡਾਇਵਰਸਨ (ਵਿਸ਼ਾਂਤਰ) ਦੀ ਸਥਿਤੀ ਵਿੱਚ ਵੱਧ ਅੰਕ ਦੇ ਕੇ ਉਤਸ਼ਾਹਿਤ ਨਾ ਕਰੋ ।

(v) ਭਾਸ਼ਾ ਦੀ ਯੋਗਤਾ ਅਤੇ ਪ੍ਰਗਟਾਵੇ ਦੇ ਹੁਨਰ 'ਤੇ ਧਿਆਨ ਦਿੱਤਾ ਜਾਵੇ।

Downloaded from www.cclchapter.com

(vi) ਮੁੱਖ-ਪ੍ਰੀਖਿਅਕ ਅਤੇ ਪ੍ਰੀਖਿਅਕਾਂ ਨੂੰ ਉੱਤਰ ਪੁਸਤਕਾਂ ਦਾ ਮੁਲਾਂਕਣ ਕਰਨ ਲਈ ਇਹ ਸਿਰਫ ਮਾਰਕਿੰਗ ਨਿਰਦੇਸ਼/ਹਦਾਇਤਾਂ ਹੀ ਦਿੱਤੀਆਂ ਜਾ ਰਹੀਆਂ ਹਨ। ਮੁਲਾਂਕਣ ਜੇਕਰ ਜਵਾਬ ਤੋਂ ਇਲਾਵਾ ਕੋਈ ਹੋਰ ਜਵਾਬ ਸਹੀ ਹੈ ਤਾਂ ਪਰੀਖਿਅਕ, ਮੁੱਖ-ਪਰੀਖਿਅਕ ਨਾਲ ਸਲਾਹ-ਮਸ਼ਵਰਾ ਕਰਕੇ ਆਪਣੀ ਮਰਜ਼ੀ ਨਾਲ ਮੁਲਾਂਕਣ ਕਰੇ।

Downloaded from www.cclchapter.com

# ਜਮਾਤ-ਨੌਵੀਂ

ਵਿਸ਼ਾ : ਪੰਜਾਬੀ ਜਮਾਤ : ਨੌਵੀਂ ਸੈਸ਼ਨ : 2024-25

ਸਮਾਂ : 3 ਘੰਟੇ ਕੁੱਲ ਅੰਕ 80

ਨਿਰੀਖਅਕ ਲਈ ਅੰਕ-ਯੋਜਨਾ/ਮੁਲਾਂਕਣ-ਯੋਜਨਾ/ਪੜਤਾਲ-ਯੋਜਨਾ

## ਭਾਗ ੳ

| ਪ੍ਰਸ਼ਨ ਨੰ. | ਭਾਗ | ਪ੍ਰਸ਼ਨ ਦੇ ਭਾਗ ਉਪ-ਭਾਗ ਲਈ ਨਿਰਧਾਰਿਤ ਉੱਤਰ | ਅੰਕ ਵੰਡ | ਪੂਰਨ ਅੰਕ | ਟਿੱਪਣੀਆਂ/ਸੰਕੇਤਕ ਨੁਕਤੇ |
|---|---|---|---|---|---|
| 1. | (ੳ) | ਕਿਉਂਕਿ ਜੇਕਰ ਭੈੜੇ ਆਦਮੀ ਨੂੰ ਭੈੜਾ ਕਿਹਾ ਜਾਵੇ, ਤਾਂ ਮੂਰਖ ਨੂੰ ਮੂਰਖ ਕਿਹਾ ਜਾਵੇ ਤਾਂ ਉਸ ਨੂੰ ਬੜੀਆਂ ਮਿਰਚਾਂ ਲੱਗਦੀਆਂ ਹਨ, ਪਰੰਤੂ ਜੇਕਰ ਉਸ ਦੀ ਝੂਠੀ ਖੁਸ਼ਾਮਦ ਕੀਤੀ ਜਾਵੇ ਤਾਂ ਉਹ ਬਹੁਤ ਖੁਸ਼ ਹੁੰਦਾ ਹੈ। | 2 | 5 | ਇਹਨਾਂ ਤੋਂ ਇਲਾਵਾ ਵਿਦਿਆਰਥੀ ਆਪਣੀ ਸਮਝ-ਸੂਝ ਅਨੁਸਾਰ ਹੋਰ ਵੀ ਢੁਕਵੇਂ ਉੱਤਰ ਦੇ ਸਕਦੇ ਹਨ, ਸੋ ਉਸ ਦੀ ਪ੍ਰਮਾਣਿਕਤਾ ਅਨੁਸਾਰ ਬਣਦੇ ਅੰਕ ਦਿੱਤੇ ਜਾਣ। |
| | (ਅ) | ਪਿਛਲੇ ਸਮੇਂ ਵਿਚ ਰਾਜਿਆਂ ਤੇ ਰਾਣੀਆਂ ਦੀ ਭੁੱਲ ਉਨ੍ਹਾਂ ਦੇ ਨਿਕਟਵਰਤੀ ਦਰਬਾਰੀ ਮਨੋਰੰਜਕ ਅਤੇ ਝੂਠੇ ਸਵਾਂਗ ਰਾਹੀਂ ਉਨਾਂ ਦਾ ਧਿਆਨ ਖਿਚਵਾਉਂਦੇ ਹਨ। | 2 | | |
| | (ੲ) | ਸੱਚ ਤੇ ਝੂਠ | 1 | | |
| 2. | | | | 7 | |

Downloaded from www.cclchapter.com

| | | | | | |
|---|---|---|---|---|---|
| | (ਜ) | ਜਵਾਨੀ | 1 | | ਵਿਦਿਆਰਥੀਆਂ ਨੂੰ ਠੀਕ ਲਿਖੇ ਉੱਤਰ ਦੇ ਪੂਰੇ ਅੰਕ ਦਿੱਤੇ ਜਾਣ। |
| | (ਜਜ) | ਲੇਖਿਕਾ | 1 | | |
| | (ਜਜਜ) | ਵਿਸ਼ੇਸ਼ਣ | 1 | | |
| | (ਜਡ) | ਬੇਸ਼ਰਮ | 1 | | |
| | (ਡ) | ਬਹੁਤ | 1 | | |
| | (ਡਜ) | ਇਕ ਵਚਨ | 1 | | |
| | (ਡਜਜ) | ਪੀਲਾ | 1 | | |
| 3. | | | | 9 | |
| | (ਜ) | ਤਿੰਨ | 1 | | ਵਿਦਿਆਰਥੀ ਅਗੇਤਰ-ਪਿਛੇਤਰ ਦੇ ਇਹਨਾਂ ਤੋਂ ਇਲਾਵਾ ਹੋਰ ਢੁੱਕਵੇਂ ਸ਼ਬਦ ਵੀ ਬਣਾ ਸਕਦੇ ਹਨ ਸੋ ਸਹੀ ਹੋਣ ਤੇ ਅੰਕ ਦਿੱਤੇ ਜਾਣ। |
| | (ਜਜ) | ਪ੍ਰਸ਼ੰਸਾਵਾਚਕ | 1 | | |
| | (ਜਜਜ) | ਨੇੜੇ | 1 | | |
| | (ਜਡ) | ਸੌਦਾ (ਸਮਾਨ) ਸੌਂਦਾ (ਸੌਂ ਰਿਹਾ) | 1 | | |
| | (ਡ) | ਚੌਂਕੀਦਾਰ, ਖ਼ਬਰਦਾਰ, ਠੇਕੇਦਾਰ | 1 | | |
| | (ਡਜ) | ਹਮਦਰਦੀ, ਹਮਸਫ਼ਰ, ਹਮਜੋਲੀ | 1 | | |
| | (ਡਜਜ) | ਤਾਈ | 1 | | |
| | (ਡਜਜਜ) | ਬਹੁਤ ਦੇਰ ਬਾਦ ਮਿਲਨਾ (ਹਾਰ ਖਾਣੀ) | 2 | | |
| 4. | | | | 5 | |
| | (ਜ) | ਰਾਸ਼ਟਰੀ ਏਕਤਾ ਜਾਂ ਕਰੋਨਾ ਦਾ ਕਹਿਰ ਜਾਂ ਵਾਤਾਵਰਣ ਪ੍ਰਦੂਸ਼ਣ | | | |

Downloaded from www.cclchapter.com

| | | | | | |
|---|---|---|---|---|---|
| | | | 5 | | |
| 5. | | | | 5 | |
| | | ਭੈਣ ਦੇ ਵਿਆਹ ਵਿਚ ਬੇਲੋੜੇ ਖਰਚਾ ਨਾ ਕਰਨ ਦੀ ਸਲਾਹ (ਚਿੱਠੀ) ਜਾਂ<br>ਪੁਸਤਕਾਂ ਦੀ ਮਾੜੀ ਹਾਲਤ ਉੱਤੇ ਪ੍ਰਕਾਸ਼ਕ ਨੂੰ ਪੱਤਰ | 5 | | Contd... p/6 |
| 6. | (ੳ) | ਪੁਸਤਕ-ਸਾਹਿਤਕ ਕਿਰਨਾਂ-1<br>ਕਵਿਤਾ- ਨਿਰਧਨ<br>ਕਵੀ- ਨੰਦ ਲਾਲ ਨੂਰਪੁਰੀ<br>ਜਾਂ | 3 | 3 | ਵਿਦਿਆਰਥੀਆਂ ਦੀ ਸਮਝ ਤੇ ਸੂਝ ਅਨੁਸਾਰ ਕੀਤੀ ਗਈ ਵਿਆਖਿਆ ਨਾਲ ਉੱਤਰ ਦੇ ਭਾਵ ਵਿਚ ਕੋਈ ਫ਼ਰਕ ਨਹੀਂ ਪੈ ਰਿਹਾ ਤਾਂ ਬਣਦੇ ਪੂਰੇ ਅੰਕ ਦਿੱਤੇ ਜਾਣ।<br>ਇਸ ਤੋਂ ਇਲਾਵਾ ਵਿਦਿਆਰਥੀ ਅਪਣੀ ਸਮਝ ਦੇ ਆਧਾਰ 'ਤੇ ਵੀ ਢੁਕਵੇਂ ਉੱਤਰ ਦੇ ਸਕਦੇ ਹਨ, ਸੋ ਉਸ ਦੀ ਪ੍ਰਮਾਣਿਕਤਾ ਅਨੁਸਾਰ ਬਣਦੇ ਅੰਕ ਦਿੱਤੇ ਜਾਣ। |
| | (ਅ) | (ਜ) ਸਮਾਂ<br>(ਜਜ) ਠਹਿਰਨ ਦਾ<br>(ਜਜਜ) ਕਵੀ ਦੇ ਮਨ ਵਿਚ ਡਰ ਹੈ ਕਿ ਲੰਘ ਗਿਆ ਸਮਾਂ ਮੁੜ ਕੇ ਨਹੀਂ ਆਵੇਗਾ। | 1<br>1<br>1 | | |
| 7. | | | | 4 | ਜੇ ਉੱਤਰ ਵਿਚ ਵਿਦਿਆਰਥੀ ਦੀ ਸ਼ਬਦ-ਜੋੜ ਦੀ ਕੋਈ ਗਲਤੀ ਹੈ, |
| | (ਜ) | ਐੱਮ.ਏ., ਬੀ.ਐਡ. | 1 | | |
| | (ਜਜ) | ਹਰਬੰਸ ਸਿੰਘ ਚਾਵਲਾ | 1 | | |

Downloaded from www.cclchapter.com

| | | | | | |
|---|---|---|---|---|---|
| | (ਜਜਜ) | ਕਹੀ ਨਾਲ | 1 | | ਪਰ ਉਸ ਨਾਲ ਉੱਤਰ ਦੇ ਭਾਵ ਵਿਚ ਕੋਈ ਫ਼ਰਕ ਨਹੀਂ ਪੈ ਰਿਹਾ ਤਾਂ ਬਣਦੇ ਪੂਰੇ ਅੰਕ ਦਿੱਤੇ ਜਾਣ। |
| | (ਜਡ) | 18 ਫ਼ਰਵਰੀ 1883 | 1 | | |
| 8 | | | | 4 | ਵਿਦਿਆਰਥੀ ਦੇ ਵਿਚਾਰਾਂ ਤੇ ਉਹਨਾਂ ਦੀਆਂ ਰਚਨਾਵਾਂ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ। |
| | (ਜ) | ਮਨੁੱਖ ਦੇ ਹਿਰਦੇ ਵਿਚ | 1 | | |
| | (ਜਜ) | ਫਿੱਕਾ | 1 | | |
| | (ਜਜਜ) | ਕਿਰਤ ਦਾ ਸਤਿਕਾਰ | 1 | | |
| | (ਜਡ) | ਬੀਬੋ | 1 | | |
| 9 | | | | 10 | |
| | (ਜ) | ਭਗਤ ਸਿੰਘ ਦੀ ਜੇਬ ਵਿਚ ਕਰਤਾਰ ਸਿੰਘ ਸਰਾਭੇ ਦੀ ਤਸਵੀਰ ਰਹਿੰਦੀ ਸੀ ਤੇ ਇਹ ਇਸ ਕਰਕੇ ਸੀ ਕਿਉਂਕਿ ਉਹ ਸਰਾਭੇ ਨੂੰ ਆਪਣਾ ਪ੍ਰੇਰਨਾ-ਸ੍ਰੋਤ, ਆਪਣਾ ਗੁਰੂ, ਆਪਣਾ ਮਿੱਤਰ ਤੇ ਆਪਣਾ ਭਰਾ ਕਹਿ ਕੇ ਯਾਦ ਕਰਦਾ ਸੀ। | 2 | | ਜੇ ਵਿਦਿਆਰਥੀ ਨੇ ਪ੍ਰਸ਼ਨ ਦੇ ਉੱਤਰ ਢੁਕਵੇਂ ਪਰ ਜਿਆਦਾਂ/ਸੰਖੇਪ ਸ਼ਬਦਾਂ ਵਿਚ ਵੀ ਲਿਖੇ ਹਨ ਤਾਂ ਵੀ ਬਣਦੇ ਪੂਰੇ ਅੰਕ ਦਿਤੇ ਜਾਣ। |
| | (ਜਜ) | ਗੁਰਬਾਣੀ ਅਨੁਸਾਰ ਸਤੀ ਇਸਤਰੀਆਂ ਉਹ ਹੁੰਦੀਆਂ ਹਨ, ਜਿਹੜੀਆਂ ਪਤੀ ਨਾਲ ਚਿਖਾ ਵਿਚ ਸੜਨ ਦੀ ਥਾਂ ਉਸਦੇ ਬਿਰਹਾ ਦੀ ਚੋਟ ਦੇ ਦੁੱਖ ਨਾਲ ਮਰਦੀਆਂ ਹਨ। | 2 | | |
| | (ਜਜਜ) | ਮਲਟੀ ਮੀਡੀਆਂ ਦੀ ਵਰਤੋਂ ਸਿੱਖਿਆ, ਕਲਾ, ਇਸ਼ਤਿਹਾਰਬਾਜੀ ਮਨੋਰੰਜਨ, ਇੰਜੀਨੀਅਰਿੰਗ | | | |

Downloaded from www.cclchapter.com

| | | | | | |
|---|---|---|---|---|---|
| | | ਦਵਾਈਆਂ, ਹਿਸਾਬ-ਕਿਤਾਬ, ਵਪਾਰ ਤੇ ਵਿਗਿਆਨਿਕ ਖੋਜ ਲਈ ਕੀਤੀ ਜਾ ਸਕਦੀ ਹੈ। | 2 | | |
| | (ਜਡ) | ਲੰਦਨ ਜਾ ਕੇ ਮਦਨ ਲਾਲ ਨੂੰ ਮਹਿਸੂਸ ਹੋਇਆ ਕਿ ਇੱਥੇ ਭਾਰਤੀਆਂ ਨਾਲ ਬਹੁਤ ਭੈੜਾ ਤੇ ਵਿਤਕਰੇ ਭਰਿਆ ਸਲੂਕ ਹੁੰਦਾ ਹੈ। ਅੰਗਰੇਜ਼ ਉਨ੍ਹਾਂ ਨੂੰ ਅਸੱਭਿਆ ਤੇ ਦੂਜੇ ਦਰਜੇ ਦੇ ਸ਼ਹਿਰੀ ਸਮਝਦੇ ਹਨ। ਗ਼ੁਲਾਮ ਹੋਣ ਕਰਕੇ ਉਨਾਂ ਦਾ ਹੋਟਲਾਂ ਵਿਚ ਦਾਖਲਾ ਬੰਦ ਸੀ। | 2 | | ਜੇ ਵਿਦਿਆਰਥੀ ਨੇ ਪਾਠ ਨਾਲ ਸੰਬਧਿਤ ਇਨਾਂ ਨੁਕਤਿਆਂ ਤੋਂ ਇਲਾਵਾ ਢੁਕਵੇਂ ਸ਼ਬਦਾਂ ਵਿਚ ਉੱਤਰ ਦਿੱਤੇ ਹਨ ਤਾਂ ਪ੍ਰਮਾਣਿਕਤਾ ਅਨੁਸਾਰ ਤੇ ਬਚਿਆਂ ਦੀਆਂ ਭਾਵਨਾਵਾਂ ਤੇ ਸਮਝ-ਸੂਝ ਦੇ ਅਧਾਰ 'ਤੇ ਬਣਦੇ ਪੂਰੇ ਅੰਕ ਦਿੱਤੇ ਜਾਣ। |
| | (ਡ) | ਕਰਤਾਰ ਸਿੰਘ ਸਰਾਭੇ ਨੂੰ ਫਾਂਸੀ ਦੇਣ ਲਈ ਉਸ ਉੱਤੇ ਇੰਗਲੈਂਡ ਦੇ ਬਾਦਸ਼ਾਹ ਵਿਰੁੱਧ ਯੁੱਧ ਛੇੜਨ ਤੇ ਅੰਗਰੇਜ਼ੀ ਰਾਜ ਦਾ ਤਖ਼ਤਾ ਉਲਟਾਉਣ ਦੇ ਸੰਗੀਨ ਇਲਜ਼ਾਮ ਲਾਏ ਗਏ। | 2 | | |
| 10. | | | | 8 | |
| | (ਜ) | ਗੱਪਬਾਜ ਹਰ ਥਾਂ ਸਾਡੇ ਅੱਗੇ-ਪਿੱਛੇ ਮੰਡਰਾਉਂਦਾ ਰਹਿੰਦਾ ਹੈ। ਇਹ ਗਲੀ-ਮੁਹੱਲੇ, ਪਿੰਡ, ਸ਼ਹਿਰ, ਮਸਜ਼ਿਦ, ਮੰਦਰ ਤੇ ਸਭਾ ਸੁਸਾਇਟੀਆਂ ਵਿਚ ਹਰ ਥਾਂ ਮੌਜੂਦ ਹੁੰਦਾ ਹੈ। | 2 | | |
| | (ਜਜ) | ਸ਼ਗੋਂ ਦਾ ਸਾਗ ਲੋਹੇ, ਕੈਲਸ਼ੀਅਮ ਤੇ ਵਿਟਾਮਿਨਾਂ ਨਾਲ ਭਰਪੂਰ ਹੋਣ ਕਰਕੇ ਸ਼ਰੀਰ ਨੂੰ ਬਹੁਤ ਤਾਕਤ | | | |

Downloaded from www.cclchapter.com

| | | | | | |
|---|---|---|---|---|---|
| | | ਦਿੰਦਾ ਹੈ। | 2 | | |
| | (ਜਜਜ) | ਮਨੁੱਖ ਨੂੰ ਕਿਸੇ ਦੇ ਔਗੁਣ ਇਸ ਕਰਕੇ ਨਹੀਂ ਫੋਲਣੇ ਚਾਹੀਦੇ, ਕਿਉਂਕਿ ਔਗੁਣ ਤਾਂ ਉਸਦੇ ਆਪਣੇ ਵਿਚ ਵੀ ਹੁੰਦੇ ਹਨ। | 2 | | |
| | (ਜਡ) | ਅਜੋਕੇ ਸਮੇਂ ਵਿਚ ਜ਼ੁਰਮ ਬਹੁਤ ਵਧ ਗਿਆ ਹੈ। ਰਾਹ ਜਾਂਦੀਆਂ ਕੁੜੀਆਂ ਨਾਲ ਛੇੜ-ਛਾੜ ਹੁੰਦੀ ਹੈ। ਬੱਚੇ ਚੁੱਕੇ ਜਾਂਦੇ ਹਨ ਅਤੇ ਆਮ ਲੋਕਾਂ ਖ਼ਾਸ ਕਰ ਬਜ਼ੁਰਗਾਂ ਉੱਤੇ ਲੁੱਟ-ਖੋਹ ਲਈ ਹਮਲੇ ਹੁੰਦੇ ਹਨ। ਅਜਿਹੀਆਂ ਸਥਿਤੀਆਂ ਦਾ ਮੁਕਾਬਲਾ ਕਰਨ ਲਈ ਸਵੈ-ਰੱਖਿਆ ਦੇ ਵੱਖਰੇ-ਵੱਖਰੇ ਤਰੀਕੇ ਸਿੱਖਣਾ ਜ਼ਰੂਰੀ ਹੈ। | 2 | | |
| 11. | | | | 12 | |
| | (ਜ) | ਕਬੱਡੀ ਪੰਜਾਬੀਆਂ ਦੀ ਮਾਂ-ਖੇਡ ਹੋਣ ਕਰਕੇ ਤੇ ਇੱਥੋਂ ਦੇ ਸਭਿਆਚਾਰ ਦਾ ਅੰਗ ਹੋਣ ਕਰਕੇ ਪੰਜਾਬੀਆਂ ਦੀ ਹਰਮਨ ਪਿਆਰੀ ਖੇਡ ਹੈ। ਇਹ ਪੰਜਾਬੀਆਂ ਦੇ ਖ਼ੂਨ ਵਿਚ ਸਮਾਈ ਹੋਈ ਹੈ ਤੇ ਇਹ ਉਨ੍ਹਾਂ ਦਾ ਜੀਵਨ ਸੁਆਸ ਹੈ। ਇਸੇ ਕਰਕੇ ਪੰਜਾਬੀ ਜਿੱਥੇ ਵੀ ਗਏ ਹਨ, ਇਸਨੂੰ ਆਪਣੇ ਨਾਲ ਲੈ ਕੇ ਗਏ ਹਨ। | 3 | | ਜੇ ਉੱਤਰ ਵਿਚ ਵਿਦਿਆਰਥੀ ਦੀ ਸ਼ਬਦ ਜੋੜ ਦੀ ਕੋਈ ਗਲਤੀ ਹੈ ਪਰ ਉਸ ਨਾਲ ਉੱਤਰ ਦੇ ਭਾਵ ਵਿਚ ਕੋਈ ਫ਼ਰਕ ਨਹੀਂ ਪੈ ਰਿਹਾ ਤਾਂ ਬਣਦੇ ਪੂਰੇ ਅੰਕ ਦਿੱਤੇ ਜਾਣ। |
| | (ਜਜ) | ਬੁਲੇਟ ਟਰੇਨ ਦੀ ਸੁਰੱਖਿਆ ਲਈ ਕੈਬ ਸਿਗਨਲ ਪ੍ਰਬੰਧ ਦੀ | 3 | | |

Downloaded from www.cclchapter.com

| | | | | | |
|---|---|---|---|---|---|
| | | ਵਰਤੋਂ ਕੀਤੀ ਜਾਂਦੀ ਹੈ। ਰੇਲ-ਗੱਡੀ ਦੇ ਅੰਦਰੋਂ ਹੀ ਸਿਗਨਲ ਪ੍ਰਬੰਧ ਕੰਟਰੋਲ ਕੀਤੇ ਜਾਂਦੇ ਹਨ। ਫਾਟਕ/ਸਿਗਨਲ ਦੀ ਰੁਕਾਵਟ ਸਮੇਂ ਇਹ ਗੱਡੀਆਂ ਆਟੋਮੈਟਿਕ ਰੂਪ ਵਿਚ ਹੌਲੀ ਹੋ ਜਾਂਦੀਆਂ ਹਨ ਤੇ ਰੁਕ ਵੀ ਜਾਂਦੀਆਂ ਹਨ, ਤਾਂ ਜੋ ਹਾਦਸਿਆਂ ਤੋਂ ਬਚਾਅ ਹੋ ਸਕੇ, ਪਰ ਹਾਦਸੇ ਫਿਰ ਵੀ ਵਾਪਰ ਜਾਂਦੇ ਹਨ। | | | |
| | (ਜਜਜ) | ਦੇਸ਼ ਉੱਤੇ ਆਏ ਬੁਰੇ ਸਮੇਂ ਨੂੰ ਹੌਸਲੇ ਤੇ ਹਿੰਮਤ ਤੋਂ ਕੰਮ ਲੈ ਕੇ ਸੁਹਿਰਦ ਯਤਨਾਂ ਨਾਲ ਠੀਕ ਕੀਤਾ ਜਾ ਸਕਦਾ ਹੈ। ਇਸ ਲਈ ਸਾਨੂੰ ਸਭ ਪਾਸੇ ਪ੍ਰੇਮ-ਪਿਆਰ ਦਾ ਪਸਾਰ ਕਰਨਾ ਚਾਹੀਦਾ ਹੈ। | 3 | | |
| | (ਜਙ) | ਸਚਮੁੱਚ ਪਲ ਭਰ ਦਾ ਗੁੱਸਾ ਮਨੁੱਖ ਦੀ ਜ਼ਿੰਦਗੀ ਨੂੰ ਬਰਬਾਦ ਕਰ ਸਕਦਾ ਹੈ। ਸਾਨੂੰ ਆਪਣੇ ਦਿਮਾਗ ਨੂੰ ਹਮੇਸ਼ਾ ਸ਼ਾਂਤ ਰੱਖਣਾ ਚਾਹੀਦਾ ਹੈ। ਜੇਕਰ ਗੱਲ ਵੱਧ ਜਾਵੇ ਤਾਂ ਮੌਕੇ ਅਨੁਸਾਰ ਆਪਣੇ ਆਪ ਨੂੰ ਗੁੱਸੇ ਤੋਂ ਬਚਾ ਕੇ ਆਪਸ ਵਿਚ ਬੈਠ ਕੇ ਜਾਂ ਪ੍ਰਤਿਸ਼ਠਿਤ ਵਿਕਅਤੀਆਂ ਦੇ ਦੁਆਰਾ ਗੱਲ ਨਿਬੇੜ ਲੈਣੀ ਚਾਹੀਦੀ ਹੈ। ਸਾਨੂੰ ਗੁੱਸੇ ਤੋਂ ਬਚਣ ਲਈ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ। | 3 | | ਪ੍ਰਸ਼ਨ ਦੇ ਵਿਸ਼ੇ ਤੇ ਉੱਤਰ ਦੀ ਸੰਖੇਪਤਾ ਨੂੰ ਧਿਆਨ ਵਿਚ ਰੱਖਦੇ ਹੋਏ ਜੇ ਵਿਦਿਆਰਥੀ ਨੇ ਪ੍ਰਸ਼ਨ ਦਾ ਉੱਤਰ ਢੁਕਵਾਂ ਪਰ ਸੰਖੇਪ ਸ਼ਬਦਾਂ ਵਿਚ ਵੀ ਲਿਖਿਆ ਹੈ ਤਾਂ ਵੀ ਬਣਦੇ ਪੂਰੇ ਅੰਕ ਦਿੱਤੇ ਜਾਣ। |

Downloaded from www.cclchapter.com

| | | | | | |
|---|---|---|---|---|---|
| 12. | (ਜ) | ਬਾਰੂ ਦੇ ਪੁੱਤਰਾਂ ਨੇ ਫ਼ੈਸਲਾ ਕੀਤਾ ਕਿ ਉਹ ਆਪਣੇ ਬਾਪੂ ਨੂੰ ਸਾਲ ਵਿਚ ਤਿੰਨ-ਤਿੰਨ ਮਹੀਨੇ ਵਾਰੀ-ਵਾਰੀ ਰੋਟੀ ਦਿਆ ਕਰਨਗੇ। ਬਾਬੇ ਬਾਰੂ ਪ੍ਰਤੀ ਉਸਦੇ ਪੁੱਤਰ ਪ੍ਰੀਤੂ ਦਾ ਵਿਚਾਰ ਬਹੁਤ ਹੀ ਨਿਰਾਦਰ ਭਰਿਆ ਸੀ। ਸ਼ਰਾਬੀ ਹੋਇਆ ਉਹ ਉਸਦੀ ਮੰਜੀ ਨੂੰ ਠੁੱਡਾ ਮਾਰ ਕੇ ਕਹਿੰਦਾ ਕਿ ਉਸਨੇ ਅਜੇ ਕਿੰਨਾ ਚਿਰ ਹੋਰ ਇਹ ਮੰਜੀ ਪੂਜਣੀ ਹੈ। ਉਹ ਬਾਰੂ ਦੀ ਬਹੁਤ ਬੇਜਤੀ ਕਰਦਾ ਸੀ ਜਿਸ ਨਾਲ ਉਹ ਰੋਣ-ਹਾਕਾ ਹੋ ਜਾਂਦਾ। | 3 | 9 | |
| | (ਜਜ) | ਕਿਉਂਕਿ ਵਿਦੇਸ਼ਾ ਵਿਚ ਸੈੱਟ ਹੋਏ ਪੰਜਾਬੀ ਤੇ ਭਾਰਤੀ ਮੁੰਡੇ ਪੰਜਾਬ ਵਿਚ ਆ ਕੇ ਲੱਖਾਂ ਰੁਪਏ ਦਾਜ ਬਟੋਰ ਕੇ ਚੰਗੀਆਂ-ਪੜੀਆਂ ਲਿਖੀਆਂ ਤੇ ਸੁੰਦਰ ਕੁੜੀਆਂ ਨਾਲ ਇਸ ਬਹਾਨੇ ਵਿਆਹ ਕਰ ਲੈਂਦੇ ਹਨ ਕਿ ਉਹ ਬਾਹਰ ਲੈ ਜਾਣਗੇ ਪਰੰਤੂ ਉੱਥੇ ਲਿਜਾ ਕੇ ਉਨਾਂ ਦੀ ਕੋਈ ਬਾਤ ਨਹੀਂ ਪੁੱਛਦਾ ਤੇ ਤਲਾਕ ਵੀ ਲੈ ਲੈਂਦੇ ਹਨ। | 3 | | ਇੰਨੇ ਜਿਆਦਾ ਨੁਕਤੇ ਕੇਵਲ ਨਿਰੀਖਿਅਕਾਂ ਦੀ ਸਹੂਲਤ ਲਈ ਹਨ। ਵਿਸ਼ੇ ਦੇ ਵਿਸਥਾਰ ਨੂੰ ਵੇਖਦੇ ਹੋਏ ਤੇ ਵਿਦਿਆਰਥੀਆਂ ਤੇ ਉਹਨਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ। |
| | (ਜਜਜ) | ਕਲਪਨਾ ਚਾਵਲਾ ਦਾ ਬਚਪਨ ਦਾ ਸਮਾਂ ਕਰਨਾਲ ਦੇ ਮਾਡਲ ਟਾਊਨ ਵਿਚ ਬੀਤਿਆ । ਉਹ ਘਰ ਵਿਚ ਚਾਰ ਭੈਣ-ਭਰਾਵਾਂ ਵਿਚੋਂ ਛੋਟੀ ਸੀ ਤੇ ਸਾਰੇ ਉਸਨੂੰ ਪਿਆਰ ਨਾਲ | 3 | | |

Downloaded from www.cclchapter.com

| | | | | | |
|---|---|---|---|---|---|
| | | ਮੋਂਟੂ ਕਹਿੰਦੇ ਸਨ। ਉਹ ਰਾਤ ਨੂੰ ਘਰ ਦੀ ਛੱਤ ਉੱਤੇ ਲੇਟ ਕੇ ਚੰਨ ਤਾਰਿਆਂ ਦੀ ਰਹੱਸਮਈ ਦੁਨੀਆਂ ਬਾਰੇ ਸੋਚਦੀ ਰਹਿੰਦੀ । ਉਸ ਉਤੇ ਮਾਤਾ ਦੀ ਧਾਰਮਿਕ ਬਿਰਤੀ ਅਤੇ ਪ੍ਰੇਮ-ਭਾਵਨਾ ਦਾ ਵੀ ਬਹੁਤ ਪ੍ਰਭਾਵ ਸੀ। | | | |

Downloaded from www.cclchapter.com